**ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਾਜ਼ਿਲਕਾ**

**ਆਧੁਨਿਕ ਢੰਗ ਨਾਲ ਪਰਾਲੀ ਪ੍ਰਬੰਧਨ ਕਰਕੇ ਕਣਕ ਦੀ ਬਿਜਾਈ ਕਰਦੇ ਹਨ ਕਿਸਾਨ ਬਲਵਿੰਦਰ ਸਿੰਘ ਤੇ ਤਰਸੇਮ ਸਿੰਘ**

**ਮਾਹਰਾਂ ਵੱਲੋਂ ਹੋਰਨਾਂ ਕਿਸਾਨਾਂ ਨੂੰ ਸੁਚੱਜੀ ਵਿਧੀ ਨਾਲ ਪਰਾਲੀ ਪ੍ਰਬੰਧਨ ਦੀ ਕੀਤੀ ਅਪੀਲ**

**ਫਾਜ਼ਿਲਕਾ, 11 ਨਵੰਬਰ**

ਪਿੰਡ ਮੁੰਬੇਕੇ ਦੇ ਕਿਸਾਨ ਬਲਵਿੰਦਰ ਸਿੰਘ ਅਤੇ ਤਰਸੇਮ ਸਿੰਘ ਦੋਵੇਂ ਭਰਾ ਆਪਣੇ ਖੇਤ ਵਿਚ ਬਾਸਮਤੀ ਦੀ ਪਰਾਲੀ ਦਾ ਪ੍ਰਬੰਧਨ ਬੜੇ ਹੀ ਸੁਝਵਾਨ ਅਤੇ ਤਕਨੀਕੀ ਢੰਗ ਨਾਲ ਮਲਚਰ ਮਸ਼ੀਨਰੀ ਦੀ ਵਰਤੋਂ ਨਾਲ ਕਰ ਰਹੇ ਹਨ। ਇਹ ਕਿਸਾਨ ਭਰਾ ਬਾਸਮਤੀ ਹੇਠ ਤਕਰੀਬਨ 50 ਏਕੜ ਵਿਚ ਖੇਤੀ ਕਰਦੇ ਹਨ।

ਕਿਸਾਨ ਭਰਾ ਦੱਸਦੇ ਹਨ ਕਿ ਉਹ ਆਰ.ਐਮ.ਬੀ. ਪਲੋਅ, ਹੈਪੀ ਸੀਡਰ ਅਤੇ ਮਲਚਰ ਦੀ ਵਰਤੋਂ ਨਾਲ ਪਰਾਲੀ ਪ੍ਰਬੰਧਨ ਕਰਦੇ ਹਨ। ਕਿਸਾਨ ਭਰਾਵਾਂ ਨੇ ਦੱਸਿਆ ਕਿ ਪਿਛਲੀ ਵਾਰ ਤਿੰਨੋ ਤਰ੍ਹਾਂ ਦੀ ਮਸ਼ੀਨਰੀ ਵਿਚੋਂ ਇਨ੍ਹਾਂ ਨੂੰ ਮਲਚਰ ਦੀ ਵਰਤੋਂ ਬਹੁਤ ਸਸਤੀ ਅਤੇ ਢੁਕਵੀਂ ਲਗੀ, ਜਿਸ ਵਿਚ ਕਣਕ ਦਾ ਝਾੜ ਔਸਤ ਨਾਲੋਂ 5 ਤੋਂ 7 ਮਣ ਪ੍ਰਤੀ ਏਕੜ ਜ਼ਿਆਦਾ ਮਿਲਿਆ।ਇਸ ਮਸ਼ੀਨਰੀ ਦੀ ਸੁਚੱਜੀ ਵਰਤੋਂ ਅਤੇ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਉਨ੍ਹਾਂ ਦੇ ਖੇਤ ਵਿਚ ਇਕ ਪ੍ਰਦਰਸ਼ਨੀ ਪਲਾਟ ਲਗਾਇਆ ਗਿਆ ਜਿਸ ਵਿਚ ਮੁੱਖ ਖੇਤੀਬਾੜੀ ਅਫਸਰ ਸ. ਸੁਰਿੰਦਰ ਸਿੰਘ, ਏ.ਡੀ.ਓ ਸ. ਪਰਮਿੰਦਰ ਸਿੰਘ ਧੰਜੂ, ਸ੍ਰੀ ਵਿਕੀ ਕੁਮਾਰ ਅਤੇ ਖੇਤੀਬਾੜੀ ਉਪਨਿਰਿਖਕ ਸ੍ਰੀ ਸੁਖਦੀਪ ਸਿੰਘ ਨੇ ਸ਼ਿਰਕਤ ਕੀਤੀ ਜਿਸ ਦੌਰਾਨ ਸਮੂਹ ਅਧਿਕਾਰੀਆਂ ਨੇ ਪਰਾਲੀ ਪ੍ਰਬੰਧਨ ਦੀ ਵਿਧੀ ਨੂੰ ਲਾਹੇਵੰਦ ਦੱਸਿਆ।

ਅਗਾਂਹਵਧੂ ਕਿਸਾਨ ਆਖਦੇ ਹਨ ਕਿ ਇਸ ਵਿਧੀ ਵਿਚ ਕਣਕ ਦੇ ਬੀਜ ਦੀ ਮਾਤਰਾ ਸਿਫਾਰਸ਼ ਨਾਲੋਂ 10 ਕਿਲੋ ਜਿਆਦਾ ਰਖੀ ਜਾਂਦੀ ਹੈ ਅਤੇ ਖੇਤ ਵਿਚ ਬਾਸਮਤੀ ਦੀ ਕਟਾਈ ਉਪਰੰਤ ਪਰਾਲੀ ਨੂੰ ਖਲਾਰ ਕੇ ਕਣਕ ਦੇ ਸੋਧੇ ਹੋਏ ਬੀਜ ਦਾ ਛਿੜਕਾਅ ਕਰਕੇ ਸਿਫਾਰਸ਼ ਕੀਤੀ ਮਾਤਰਾ ਅਨੁਸਾਰ ਡੀ.ਏ.ਪੀ. ਦਾ ਖੇਤ ਵਿਚ ਛਿੜਕਾਅ ਕੀਤਾ ਜਾਂਦਾ ਹੈ, ਜਿਸ ਤੋਂ ਬਾਅਦ ਖੇਤ ਵਿਚ ਖੜੀ ਬਾਸਮਤੀ ਦੀ ਰਹਿੰਦ-ਖੂੰਹਦ ਸਮੇਤ ਉਸ `ਤੇ ਮਲਚਰ ਮਸ਼ੀਨ ਚਲਾ ਕੇ ਖੇਤ ਨੂੰ ਪਾਣੀ ਲਗਾ ਦਿੱਤਾ ਜਾਂਦਾ ਹੈ।ਕਣਕ ਦੀ ਫਸਲ ਨੂੰ ਦੂਜਾ ਪਾਣੀ 21 ਦਿਨਾਂ ਬਾਅਦ ਸਿਫਾਰਸ਼ ਕੀਤੀ ਯੂਰੀਆ ਦੀ ਮਾਤਰਾ ਦਾ ਛਿੜਕਾਅ ਕਰਕੇ ਲਗਾਇਆ ਜਾਂਦਾ ਹੈ। ਇਸ ਤਰ੍ਹਾਂ ਬੀਜੀ ਗਈ ਕਣਕ ਦੀ ਫਸਲ ਦੀ ਦੇਖਭਾਲ ਠੀਕ ਰਿਵਾਇਤੀ ਢੰਗ ਨਾਲ ਬੀਜੀ ਗਈ ਫਸਲ ਅਨੁਸਾਰ ਹੀ ਕੀਤੀ ਜਾਂਦੀ ਹੈ।

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀ ਟੀਮ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਕਣਕ ਦੀ ਬਿਜਾਈ ਕਰਨ ਲਈ ਕੋਈ ਵਿਸ਼ੇਸ਼ ਖਰਚਾ ਕਰਨ ਦੀ ਲੋੜ ਨਹੀਂ ਹੁੰਦੀ ਅਤੇ ਸਿਰਫ 7 ਤੋਂ 8 ਲੀਟਰ ਡੀਜਲ ਦੀ ਖਪਤ ਨਾਲ ਤਕਰੀਬਨ 1000 ਰੁਪਏ ਪ੍ਰਤੀ ਕਿਲੇ ਦਾ ਖਰਚ ਕਰਕੇ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ ਜ਼ੋ ਕਿ ਕਿਸਾਨ ਵੀਰਾਂ `ਤੇ ਕੋਈ ਆਰਥਿਕ ਬੋਝ ਨਹੀਂ ਪਾਉਂਦੀ।ਇਸ ਵਿਧੀ ਨਾਲ ਕੀਤੀ ਬਿਜਾਈ ਵਿਚ ਕਿਸਾਨਾਂ ਨੂੰ ਰਵਾਇਤੀ ਢੰਗ ਨਾਲੋ ਜਿਆਦਾ ਝਾੜ ਪ੍ਰਾਪਤ ਹੁੰਦਾ ਹੈ। ਉਨ੍ਹਾਂ ਹੋਰਨਾਂ ਕਿਸਾਨ ਵੀਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਇਸੇ ਤਰ੍ਹਾਂ ਪਰਾਲੀ ਦਾ ਪ੍ਰਬੰਧਨ ਕਰਕੇ ਫਸਲਾਂ ਦੀ ਬਿਜਾਈ ਕਰਨ ਤਾਂ ਜ਼ੋ ਵਾਤਾਵਰਨ ਨੂੰ ਸ਼ੁੱਧ ਰੱਖਿਆ ਜਾ ਸਕੇ।



**ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਫਾਜ਼ਿਲਕਾ**

**ਪੰਜਾਬ ਸਰਕਾਰ ਦੇ ਆਨਲਾਈਨ ਸ਼ਿਕਾਇਤ ਨਿਵਾਰਨ ਪੋਰਟਲ ਸਬੰਧੀ ਅਧਿਕਾਰੀਆਂ ਨੂੰ ਦਿੱਤੀ ਸਿਖਲਾਈ**

**ਆਮ ਲੋਕ ਘਰ ਬੈਠੇ ਆਨਲਾਈਨ ਆਪਣੀਆਂ ਸ਼ਿਕਾਇਤਾਂ ਦਰਜ ਕਰਵਾ ਸਕਦੇ ਹਨ**

**ਫਾਜ਼ਿਲਕਾ, 11 ਨਵੰਬਰ (     )**

ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਚੰਗੀ ਸਰਕਾਰ ਮੁਹਈਆ ਕਰਵਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੇ ਆਨ ਲਾਈਨ ਸ਼ਿਕਾਇਤ ਨਿਵਾਰਨ ਪੋਰਟਲ ਸਬੰਧੀ ਅੱਜ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਸ਼ਿਖਲਾਈ ਦਿੱਤੀ ਗਈ। ਸਹਾਇਕ ਕਮਿਸ਼ਨਰ ਜਨਰਲ ਸ: ਕੰਵਰਜੀਤ ਸਿੰਘ ਨੇ ਇਸ ਮੌਕੇ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਇਕ ਪੋਰਟਲ ਤਿਆਰ ਕੀਤਾ ਗਿਆ ਹੈ ਜੋ ਕਿ ਪਬਲਿਕ ਲਈ ਆਨਲਾਈਨ ਉਪਲਬੱਧ ਕਰਵਾ ਦਿੱਤਾ ਗਿਆ ਹੈ। ਉਨਾਂ ਨੇ ਕਿਹਾ ਕਿ ਕੋਈ ਵੀ ਨਾਗਰਿਕ ਪੋਰਟਲ http://connect.punjab.gov.in/ ਤੇ ਜਾ ਕੇ ਕਿਸੇ ਵੀ ਵਿਭਾਗ ਸਬੰਧੀ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਇਸ ਲਈ ਨਾਗਰਿਕ ਆਪਣੇ ਅਧਾਰ ਕਾਰਡ ਅਤੇ ਮੋਬਾਇਲ ਨੰਬਰ ਰਾਹੀਂ ਇਸ ਪੋਰਟਲ ਤੇ ਪਹਿਲਾਂ ਆਪਣੀ ਆਈਡੀ ਬਣਾਏਗਾ ਤੇ ਫਿਰ ਆਪਣੀ ਸ਼ਿਕਾਇਤ ਦਰਜ ਕਰਵਾਏਗਾ। ਇਸ ਤੋਂ ਬਾਅਦ ਉਹ ਆਨ ਲਾਈਨ ਆਪਣੀ ਸ਼ਿਕਾਇਤ ਨੂੰ ਟ੍ਰੈਕ ਵੀ ਕਰ ਸਕੇਗਾ ਅਤੇ ਉਸਦੀ ਸ਼ਿਕਾਇਤ ਦੇ ਨਿਪਟਾਰੇ ਬਾਅਦ ਉਸਨੂੰ ਸਰਕਾਰ ਵੱਲੋਂ ਉਸਦਾ ਪੱਖ ਵੀ ਪੁੱਛਿਆ ਜਾਵੇਗਾ। ਉਨਾਂ ਨੇ ਕਿਹਾ ਕਿ ਹੁਣ ਲੋਕਾਂ ਨੂੰ ਸ਼ਿਕਾਇਤ ਦਰਜ ਕਰਵਾਉਣ ਲਈ ਕਿਸੇ ਦਫ਼ਤਰ ਨਹੀਂ ਜਾਣਾ ਪਵੇਗਾ ਸਗੋਂ ਉਹ ਘਰ ਬੈਠਾ ਹੀ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ।

ਇਸ ਮੌਕੇ ਸਹਾਇਕ ਕਮਿਸ਼ਨਰ ਜਨਰਲ ਸ: ਕੰਵਰਜੀਤ ਸਿੰਘ ਨੇ ਕਿਹਾ ਕਿ ਇਸ ਪੋਰਟਲ ਤੇ ਸੀਨਿਅਰ ਅਧਿਕਾਰੀ ਜਾਂਚ ਵੀ ਕਰ ਸਕਣਗੇ ਕਿ ਕਿਸੇ ਅਧਿਕਾਰੀ ਕੋਲ ਕਿੰਨੀਆਂ ਸ਼ਿਕਾਇਤਾਂ ਬਕਾਇਆ ਪਈਆਂ ਹਨ। ਉਨਾਂ ਨੇ ਕਿਹਾ ਕਿ ਇਸ ਤਹਿਤ ਸਮਾਂਬੱਧ ਤਰੀਕੇ ਨਾਲ ਸਿਕਾਇਤਾਂ ਦਾ ਨਿਪਟਾਰਾ ਕਰਨਾ ਹੋਵੇਗਾ। ਉਨਾਂ ਨੇ ਇਸ ਸਬੰਧੀ ਸਾਰੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਇਸ ਪੋਰਟਲ ਰਾਹੀਂ ਆਉਣ ਵਾਲੀਆਂ ਸ਼ਿਕਾਇਤਾਂ ਨੂੰ ਤੇਜੀ ਨਾਲ ਲੋਕਾਂ ਦੀ ਸੁਵਿਧਾ ਅਨੁਸਾਰ ਹੱਲ ਕਰਨ।





**I/103124/2020**

**ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਾਜ਼ਿਲਕਾ**

**ਮਿਠਾਈ ਵਿਕ੍ਰੇਤਾ ਅਤੇ ਹਲਵਾਈ ਲੋਕਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖ ਕੇ ਕਾਰੋਬਾਰ ਕਰਦੇ ਹੋਏ ਨਿਭਾਉਣ ਆਪਣੀ ਜ਼ਿਮੇਵਾਰੀ- ਡਾ ਕੁੰਦਨ ਕੇ ਪਾਲ**

**ਫਾਜ਼ਿਲਕਾ 11 ਨਵੰਬਰ**

ਸਿਵਲ ਸਰਜਨ ਡਾ ਕੁੰਦਨ ਕੇ ਪਾਲ ਦੀ ਅਗਵਾਈ ਹੇਠ ਫਾਜ਼ਿਲਕਾ ਦੇ ਮਿਠਾਈ ਵਿਕ੍ਰੇਤਾਵਾਂ ਅਤੇ ਹਲਵਾਇਆਂ ਦੀ ਇਕ ਮੀਟਿੰਗ ਦਫਤਰ ਸਿਵਲ ਸਰਜਨ ਫਾਜ਼ਿਲਕਾ ਵਿਚ ਹੋਈ। ਡਾ ਕੁੰਦਨ ਨੇ ਕਿਹਾ ਕਿ ਮਿਠਾਈ ਬਣਾਉਂਦੇ ਸਮੇ ਰਾਸਾਯਨਿਕ ਤੇ ਕ੍ਰਿਤ੍ਰਿਮ ਰੰਗਾਂ ਦਾ ਇਸਤੇਮਾਲ ਨਾ ਕੀਤਾ ਜਾਵੇ ਅਤੇ ਇਨ੍ਹਾਂ ਦੀ ਵਰਤੋਂ ਕਰਨ `ਤੇ ਮਨਾਹੀ ਹੈ ਕਿਉਂ ਜ਼ੋ ਜਿਆਦਾ ਮਾਤਰਾ ਵਿੱਚ ਰੰਗੀਨ ਮਿਠਾਈ ਸਿਹਤ ਦੇ ਲਈ ਹਾਨੀਕਾਰਕ ਹੈ।

ਸਿਵਲ ਸਰਜਨ ਨੇ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਸਾਰੇ ਡਿੱਬਿਆਂ ਤੇ ਮਿਠਾਈ ਬਣਾਉਣ ਦੀ ਮਿਤੀ ਜ਼ਰੂਰੀ ਲਿਖੀ ਹੋਣੀ ਚਾਹੀਦੀ ਹੈ ਅਤੇ ਡਿਬਿਆਂ ਦਾ ਵਜਨ ਮਿਠਾਈ ਦੇ ਵਜਨ ਵਿੱਚ ਸ਼ਾਮਿਲ ਨਾ ਹੋਏ।ਉਨ੍ਹਾਂ ਕਿਹਾ ਕਿ ਕੋਵਿਡ 19 ਦੇ ਚਲਦੇ ਮਿਠਾਈ ਬਣਾਉਣ ਅਤੇ ਵੇਚਣ ਦਾ ਕੰਮ ਕਰਨ ਵਾਲਿਆਂ ਦੇ ਮਾਸਕ ਲਗਿਆ ਹੋਣਾ ਲਾਜਮੀ ਹੋਏ ਅਤੇ ਬਿਨਾ ਦਸਤਾਨਿਆਂ ਦੇ ਕੋਈ ਵੀ ਮਜਦੂਰ ਅਤੇ ਕਰਮਚਾਰੀ ਨਾ ਤਾਂ ਮਿਠਾਈ ਬਣਾਏ ਅਤੇ ਨਾ ਵੇਚੇ।

ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਮਿਲਾਵਟ ਖੋਰਾ ਅਤੇ ਗਲਤ ਕੰਮ ਕਰਨ ਵਾਲਿਆਂ ਤੇ ਲਗਾਤਾਰ ਨਜਰਸਾਨੀ ਰੱਖੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਬਕਸ਼ਿਆ ਨਹੀਂ ਜਾਵੇਗਾ।ਜ਼ਿਲਾ ਮਾਸ ਮੀਡੀਆ ਅਧਿਕਾਰੀ ਅਨਿਲ ਧਾਮੂ ਨੇ ਕਿਹਾ ਕਿ ਮਿਲਾਵਟ ਕਰਨਾ ਸਮਾਜ ਅਤੇ ਲੋਕਾਂ ਦੇ ਪ੍ਰਤੀ ਅਪਰਾਧ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਵੀ ਚਾਹੀਦਾ ਕਿ ਮਿਲਾਵਟ ਕਰਨ ਵਾਲੇ ਅਤੇ ਉਨ੍ਹਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲਿਆਂ ਦਾ ਸਮਜਿਕ ਤੌਰ ਤੇ ਬਾਈਕਾਟ ਕੀਤਾ ਜਾਵੇ।



**ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਫਾਜ਼ਿਲਕਾ**

**ਹਫਤਾਵਾਰੀ ਫੇਸਬੁੱਕ ਸੰਵਾਦ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਜ਼ਿਲਾ ਵਾਸੀਆਂ ਨੂੰ ਹਰੀ ਦੀਵਾਲੀ ਮਨਾਉਣ ਦੀ ਅਪੀਲ**

**ਦੀਵਾਲੀ ਦੀਆਂ ਦਿੱਤੀਆਂ ਸੁਭਕਾਮਨਾਵਾਂ**

**ਤਿਓਹਾਰਾਂ ਮੌਕੇ ਕੋਵਿਡ ਤੋਂ ਬਚਾਓ ਲਈ ਸਾਵਧਾਨੀਆਂ ਰੱਖਣ ਦੀ ਅਪੀਲ**

**ਫਾਜ਼ਿਲਕਾ, 11 ਨਵੰਬਰ ( )**

ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਸ: ਅਰਵਿੰਦ ਪਾਲ ਸਿੰਘ ਸੰਧੂ ਨੇ ਆਪਣੇ ਹਫਤਵਾਰੀ ਫੇਸਬੁੱਕ ਸੰਵਾਦ ਦੌਰਾਨ ਜ਼ਿਲਾ ਵਾਸੀਆਂ ਨੂੰ ਆ ਰਹੇ ਦੀਵਾਲੀ ਦੇ ਤਿਓਹਾਰ ਦੀਆਂ ਵਧਾਈਆਂ ਦਿੰਦਿਆਂ ਉਨਾਂ ਨੂੰ ਹਰੀ ਦੀਵਾਲੀ ਮਨਾਉਣ ਦੀ ਅਪੀਲ ਕੀਤੀ ਹੈ। ਉਨਾਂ ਨੇ ਕਿਹਾ ਕਿ ਇਹ ਤਿਓਹਾਰ ਸਭ ਦੇ ਜੀਵਨ ਵਿਚ ਖੁਸ਼ੀਆਂ ਅਤੇ ਤਰੱਕੀ ਲੈ ਕੇ ਆਵੇ ਇਸਦੀ ਅਰਦਾਸ ਉਹ ਕਰਦੇ ਹਨ। ਪਰ ਨਾਲ ਹੀ ਉਨਾਂ ਨੇ ਕਿਹਾ ਕਿ ਇਸ ਵਾਰ ਕੋਵਿਡ ਕਾਰਨ ਪੈਦਾ ਹੋਏ ਹਲਾਤਾਂ ਦੇ ਮੱਦੇਨਜਰ ਹਰ ਇਕ ਨੂੰ ਚਾਹੀਦਾ ਹੈ ਕਿ ਉਹ ਹਰੀ ਦੀਵਾਲੀ ਮਨਾਏ ਅਤੇ ਤਿਓਹਾਰ ਮਨਾਉਂਦੇ ਸਮੇਂ ਪ੍ਰਦੂਸ਼ਨ ਪੈਦਾ ਹੋਣ ਤੋਂ ਰੋਕਿਆ ਜਾਵੇ ਕਿਉਂਕਿ ਧੂੰਆ ਕੋਵਿਡ ਮਰੀਜਾਂ ਲਈ ਬਹੁਤ ਘਾਤਕ ਸਿੱਧ ਹੋ ਸਕਦਾ ਹੈ। ਉਨਾਂ ਨੇ ਲੋਕਾਂ ਨੂੰ ਹਰੀ ਦੀਵਾਲੀ ਮਨਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਵਾਰ ਦੀਵਾਲੀ ਤੇ ਕੇਵਲ ਗ੍ਰੀਨ ਪਟਾਖੇ ਹੀ ਚਲਾਏ ਜਾਣ ਅਤੇ ਪਟਾਖੇ ਦੀਵਾਲੀ ਵਾਲੇ ਦਿਨ ਸ਼ਾਮ 8 ਤੋਂ ਰਾਤ 10 ਵਜੇ ਤੱਕ ਹੀ ਚਲਾਏ ਜਾ ਸਕਦੇ ਹਨ। ਉਨਾਂ ਨੇ ਅਪੀਲ ਕੀਤੀ ਕਿ ਲੋਕ ਪਟਾਖੇ ਨਾ ਚਲਾਉਣ ਅਤੇ ਰਵਾਇਤੀ ਤਰੀਕੇ ਨਾਲ ਦੀਵਾਲੀ ਮਨਾਈ ਜਾਵੇ। ਉਨਾਂ ਨੇ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਪਰਾਲੀ ਨੂੰ ਸਾੜਨ ਦੀ ਬਜਾਏ ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਕੀਤੀ ਜਾਵੇ ਕਿਉਂਕਿ ਪਰਾਲੀ ਦਾ ਧੂੰਆ ਕਰੋਨਾ ਮਰੀਜਾਂ ਲਈ ਮਾਰੂ ਸਾਬਤ ਹੋ ਰਿਹਾ ਹੈ।

ਜ਼ਿਲੇ ਵਿਚ ਕੋਵਿਡ ਦੀ ਤਾਜਾ ਸਥਿਤੀ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ: ਅਰਵਿੰਦ ਪਾਲ ਸਿੰਘ ਸੰਧੂ ਨੇ ਦੱਸਿਆ ਕਿ ਜ਼ਿਲੇ ਵਿਚ ਅੱਜ 9 ਜਣੇ ਕਰੋਨਾ ਤੋਂ ਠੀਕ ਹੋਏ ਹਨ ਅਤੇ 33 ਨਵੇਂ ਮਾਮਲੇ ਆਏ ਹਨ। ਹੁਣ ਤੱਕ ਜ਼ਿਲੇ ਵਿਚ 3004 ਲੋਕ ਠੀਕ ਹੋ ਚੁੱਕੇ ਹਨ ਅਤੇ ਇਸ ਸਮੇਂ 220 ਐਕਟਿਵ ਕੇਸ ਹਨ ਜਦ ਕਿ 54 ਮੌਤਾਂ ਹੋਈਆਂ ਹਨ। ਜਦ ਕਿ ਜ਼ਿਲੇ ਵਿਚ ਹੁਣ ਤੱਕ 3278 ਕੁੱਲ ਪਾਜਿਟਿਵ ਕੇਸ ਆਏ ਹਨ। ਉਨਾਂ ਦੱਸਿਆ ਕਿ ਹੁਣ ਤੱਕ ਜ਼ਿਲੇ ਵਿਚ 50409 ਸੈਂਪਲ ਲਏ ਗਏ ਹਨ।

ਡਿਪਟੀ ਕਮਿਸ਼ਨਰ ਨੇ ਜ਼ਿਲਾ ਵਾਸੀਆਂ ਨੂੰ ਅਪੀਲ ਕੀਤੀ ਕਿ ਤਿਓਹਾਰਾਂ ਮੌਕੇ ਮਾਸਕ ਲਗਾ ਕੇ ਰੱਖੋ, ਭੀੜ ਭਾੜ ਵਾਲੀਆਂ ਥਾਂਵਾਂ ਤੇ ਨਾ ਜਾਵੋ, ਵਾਰ ਵਾਰ ਹੱਥ ਧੋਵੋ, ਸਮਾਜਿਕ ਦੂਰੀ ਰੱਖੋ ਤਾਂ ਜੋ ਇਸ ਬਿਮਾਰੀ ਨੂੰ ਫੈਲਣ ਤੋਂ ਰੋਕਿਆ ਜਾ ਸਕੇ।

